# ਸਟੇਟ ਅਤੇ ਥੀਏਟਰ ਦਾ ਰਿਸ਼ਤਾ

*ਗੁਰਸ਼ਰਨ ਸਿੰਘ*

ਇਸ ਵਿਸ਼ੇ 'ਤੇ ਗੱਲ ਕਰਦਿਆਂ ਮੈਂ ਅੱਜ ਦੀ ਸਟੇਟ ਦੀ ਜਟਲਿਤਾ ਬਾਰੇ ਕੋਈ ਅਕਾਦਮਿਕ ਬਹਿਸ ਨਹੀਂ ਕਰਾਂਗਾ ਤੇ ਨਾ ਹੀ ਸਟੇਟ ਅਤੇ ਥੀਏਟਰ ਦੇ ਆਪਸੀ ਰਿਸ਼ਤੇ ਬਾਰੇ ਪਿਛਲੇ ਇਤਿਹਾਸ ਦਾ ਕੋਈ ਜ਼ਿਕਰ ਕਰਾਂਗਾ। ਮੈਂ ਗੱਲ ਆਪਣੀ ਹੀ ਸਟੇਟ ਦੀ ਅਤੇ ਇਸ ਦੀ ਥੀਏਟਰ ਨਾਲ ਜਾਂ ਥੀਏਟਰ ਦੇ ਵਰਕਰਾਂ ਨਾਲ ਰਿਸ਼ਤੇ ਦੀ ਗੱਲ ਕਰਾਂਗਾ। 1955 ਵਿਚ ਕਾਂਗਰਸ ਪਾਰਟੀ ਦਾ ਸੈਸ਼ਨ ਅੰਮ੍ਰਿਤਸਰ ਹੋਇਆ ਤਾਂ ਮੈਨੂੰ ਵੀ ਉਥੇ ਇਕ ਸਰਕਾਰੀ ਅਦਾਰੇ ਵਲੋਂ ਇਕ ਨਾਟਕ ਵੇਖਣ ਦਾ ਮੌਕਾ ਮਿਲਿਆ। ਇਹ ਇਕ ਪਿੰਡ ਦੀ ਕਹਾਣੀ ਸੀ। ਇਸ ਨਾਟਕ ਵਿਚ ਉਹ ਸਭ ਕੁਝ ਸੀ ਜੋ ਬਾਅਦ ਵਿਚ ਵੀਹ ਨੁਕਾਤੀ ਪ੍ਰੋਗਰਾਮ ਦਾ ਖਰੜਾ ਬਣਿਆ। ਇਸ ਨਾਟਕ ਵਿਚ ਥੀਏਟਰ ਦੇ ਸਾਰੇ ਅੰਸ਼ ਸਨ। ਬਕਾਇਦਾ ਕਹਾਣੀ ਸੀ, ਪਲਾਟ ਸੀ, ਨਾਟਕੀ ਬਣਤਰ ਸੀ, ਨਾਟਕੀ ਵਾਰਤਾਲਾਪ ਸੀ। ਮੈਂ ਕਹਾਂਗਾ ਕਿ ਉਸ ਵੇਲੇ ਇਹ ਉਸ ਸਟੇਟ ਦਾ ਥੀਏਟਰ ਸੀ, ਜਿਸ ਸਟੇਟ ਕੋਲ ਆਪਣੇ ਲੋਕਾਂ ਨੂੰ ਦੇਣ ਲਈ ਕੁਝ ਪਲੈਨ ਸੀ। ਮੇਰਾ ਕਹਿਣ ਦਾ ਮਤਲਬ ਹੈ ਕਿ ਪਬਲਿਕ ਰੀਲੇਸ਼ਨ ਦਾ ਨਾਟਕ ਹੁੰਦਿਆਂ ਹੋਇਆ ਵੀ ਇਕ ਚੰਗਾ ਥੀਏਟਰ ਸੀ।

ਇਹ ਮੁੱਢਲੀ ਗੱਲ ਕਹਿ ਕੇ ਮੈਂ ਹੁਣ ਸਟੇਟ ਤੇ ਥੀਏਟਰ ਦੇ ਆਪਸੀ ਸੰਬੰਧ ਦੀ ਗੱਲ ਕਰਦਾ ਹਾਂ। ਥੀਏਟਰ ਦੀਆਂ ਸਰਗਰਮੀਆਂ ਨੂੰ ਦੋ ਹੈਡਿੰਗਾਂ ਥੱਲੇ ਵੰਡਿਆ ਜਾ ਸਕਦਾ ਹੈ:

ਪਹਿਲਾ ਉਹ ਥੀਏਟਰ, ਜੋ ਸਟੇਟ ਦੀ ਸਰਪ੍ਰਸਤੀ ਥੱਲੇ ਚਲਦਾ ਹੈ ਜਾਂ ਕਹਿ ਲਵੋ ਕਿ ਸਟੇਟ ਦੇ ਪੈਸੇ ਜਾਂ ਸਟੇਟ ਦੇ ਪ੍ਰਬੰਧ ਦਾ ਮੁਹਤਾਜ ਹੈ।

ਦੂਜਾ ਉਹ ਥੀਏਟਰ, ਜੋ ਸਟੇਟ ਦੀ ਸਰਪ੍ਰਸਤੀ ਦਾ ਮੁਹਤਾਜ ਨਹੀਂ।

ਪੰਜਾਬ ਦੀ ਥੀਏਟਰ ਲਹਿਰ ਵਿਚ ਇਹ ਦੋਨੋਂ ਰੁਝਾਨ ਮਿਲਦੇ ਹਨ ਤੇ ਉਹ ਆਪਣੇ ਆਪਣੇ ਤਰੀਕੇ ਨਾਲ ਥੀਏਟਰ ਦਾ ਵਿਕਾਸ ਕਰ ਰਹੇ ਹਨ।

## 1. ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ

ਥੀਏਟਰ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਕੋਈ ਗੁਨਾਹ ਨਹੀਂ। ਸਰਕਾਰ ਦਾ ਪੈਸਾ ਵੀ ਲੋਕਾਂ ਦਾ ਹੀ ਪੈਸਾ ਹੈ। ਜੇਕਰ ਸਰਕਾਰ ਦਾ ਇਹ ਪੈਸਾ ਚੰਗੇ ਕੰਮਾਂ ਵਿਚ

ਲੱਗ ਜਾਏ ਤਾਂ ਚੰਗੀ ਗੱਲ ਹੈ। ਸਰਕਾਰ ਦੀ ਸਰਪ੍ਰਸਤੀ ਵਾਲਾ ਜਾਂ ਕਹਿ ਲਵੋ ਸਰਕਾਰ ਦਾ ਆਪਣਾ ਇਕ ਥੀਏਟਰ, ਪਬਲਿਕ ਰੀਲੇਸ਼ਨਜ਼ ਦਾ ਥੀਏਟਰ ਹੈ। ਇਹ ਥੀਏਟਰ ਸਰਕਾਰ ਦੀ ਜ਼ਰੂਰਤ ਦਾ ਹੈ ਤੇ ਇਹੋ ਜਿਹਾ ਥੀਏਟਰ ਕਾਇਮ ਰੱਖਣਾ ਸਰਕਾਰ ਦਾ ਹੱਕ ਵੀ ਹੈ। ਉਹ ਸਰਕਾਰ ਦੇ ਪ੍ਰਚਾਰ ਮਾਧਿਅਮ ਦਾ ਇਕ ਹਿੱਸਾ ਹੈ। ਇਹ ਭੈੜਾ ਥੀਏਟਰ ਵੀ ਹੋ ਸਕਦਾ ਹੈ ਤੇ ਚੰਗਾ ਥੀਏਟਰ ਵੀ ਹੋ ਸਕਦਾ ਹੈ। ਕੈਰੋਂ ਵੇਲੇ ਜਦੋਂ ਸਰਕਾਰ ਦੀ ਚੰਗੀ ਸਾਖ ਸੀ ਤਾਂ ਪਬਲਿਕ ਰੀਲੇਸ਼ਨ ਦਾ ਥੀਏਟਰ ਵੀ ਸਾਰਥਕ ਸੀ। ਸਰਕਾਰ ਦੇ ਹਰ ਮਹਿਕਮੇ ਵਿਚ ਜਦੋਂ ਭ੍ਰਿਸ਼ਟਾਚਾਰ ਪ੍ਰਦਾਨ ਹੋ ਗਿਆ ਤਾਂ ਸਰਕਾਰ ਦੇ ਪਬਲਿਕ ਰੀਲੇਸ਼ਨ ਮਹਿਕਮੇ ਤੋਂ ਕਿਸੇ ਚੰਗੇ ਕੰਮ ਦੀ ਆਸ ਨਹੀਂ ਰੱਖੀ ਜਾ ਸਕਦੀ ਸੀ। ਪਬਲਿਕ ਰੀਲੇਸ਼ਨ ਦਾ ਥੀਏਟਰ ਸਟੇਟ ਦੀ ਨੌਕਰੀ ਕਰਦਾ ਹੈ, ਸਟੇਟ ਕੋਲੋਂ ਤਨਖਾਹ ਲੈਂਦਾ ਹੈ ਤਾਂ ਹੀ ਸਟੇਟ ਦੀ ਸੇਵਾ ਕਰਨਾ ਉਹਦਾ ਫਰਜ਼ ਹੈ। ਜੇ ਕਾਂਗਰਸੀਆਂ ਦਾ ਰਾਜ ਹੈ ਤਾਂ ਉਹ ਮਹਿਕਮਾ ਉਸ ਕਿਸਮ ਦਾ ਥੀਏਟਰ ਕਰੇਗਾ ਜੋ ਕਾਂਗਰਸ ਦੀਆਂ ਨੀਤੀਆਂ ਨੂੰ ਮਾਫਕ ਆਉਂਦਾ ਹੋਵੇ। ਜੇ ਅਕਾਲੀਆਂ ਦਾ ਰਾਜ ਹੋਵੇਗਾ ਤਾਂ ਉਹ ਧਾਰਮਿਕ ਨਾਟਕਾਂ ਦੀ ਭਾਲ ਕਰੇਗਾ। ਸਮੇਂ ਦੀ ਹਕੂਮਤ ਦੀ ਸੇਵਾ ਕਰਨਾ ਉਸ ਥੀਏਟਰ ਦਾ ਖਾਸਾ ਹੈ। ਇਸ ਥੀਏਟਰ ਦੇ ਕੰਮ ਦਾ ਮੁੱਲਾਂਕਣ ਇਸ ਦ੍ਰਿਸ਼ਟੀ ਨਾਲ ਕਰਿਆ ਜਾਣਾ ਚਾਹੀਦਾ ਹੈ। ਪੰਜਾਬ ਦੀ ਥੀਏਟਰ ਹਿਸਟਰੀ ਵਿਚ 'ਲਾਈਟ ਐਂਡ ਸਾਊਂਡ' ਵਾਲਾ ਖੁੱਲ੍ਹਾ ਥੀਏਟਰ, ਇਸ ਥੀਏਟਰ ਦੀ ਦੇਣ ਹੈ, ਜਿਸ ਵਿਚ ਸਟੇਟ ਦੇ ਅਸੀਮ ਸਾਧਨਾਂ ਨੂੰ ਕਲਾਮਈ ਢੰਗ ਨਾਲ ਵਰਤਿਆ ਗਿਆ।

ਸਰਕਾਰੀ ਸਰਪ੍ਰਸਤੀ ਦਾ ਦੂਜਾ ਥੀਏਟਰ ਹੋਂਦ ਵਿਚ ਆਉਂਦਾ ਹੈ, ਜਦੋਂ ਹੋਰ ਵਿਕਾਸ ਦੀਆਂ ਸਕੀਮਾਂ ਵਾਕੁਣ ਥੀਏਟਰ ਦਾ ਵਿਕਾਸ ਵੀ ਸਰਕਾਰੀ ਨੀਤੀ ਦਾ ਇਕ ਭਾਗ ਬਣ ਜਾਂਦਾ ਹੈ। ਯੂਨੀਵਰਸਿਟੀ ਥੀਏਟਰ ਵੀ ਇਸ ਸਿਰਲੇਖ ਥੱਲੇ ਆਉਂਦਾ ਹੈ। ਸਰਕਾਰ ਦੇ ਪੈਸੇ ਨਾਲ ਵੱਖ-ਵੱਖ ਅਕੈਡਮੀਆਂ, ਮਹਿਕਮੇ ਤੇ ਕੇਂਦਰ ਖੋਲ੍ਹੇ ਜਾਂਦੇ ਹਨ। ਮੈਂ ਆਪ ਭਾਵੇਂ ਉਨ੍ਹਾਂ ਲੋਕਾਂ ਵਿਚੋਂ ਹਾਂ ਜੋ ਇਹ ਸਮਝਦੇ ਹਨ ਕਿ ਸਰਕਾਰ ਦੀ ਹਰ ਵਿਕਾਸ ਨੀਤੀ ਪਿੱਛੇ ਇਕ ਜਮਾਤੀ ਨਜ਼ਰੀਆਂ ਕੰਮ ਕਰ ਰਿਹਾ ਹੁੰਦਾ ਹੈ, ਪਰ ਮੈਨੂੰ ਇਹ ਮੰਨਣ ਤੋਂ ਇਨਕਾਰ ਨਹੀਂ ਕਿ ਥੀਏਟਰ ਦੇ ਵਿਕਾਸ ਵਿਚ ਇਸ ਕਿਸਮ ਦੀ ਸਰਪ੍ਰਸਤੀ ਦੀ ਦੇਣ ਨੂੰ ਛੁਟਿਆਇਆ ਨਹੀਂ ਜਾ ਸਕਦਾ। ਥੀਏਟਰ ਇਕ ਮਹਿੰਗਾ ਕਲਾ ਮਾਧਿਅਮ ਹੈ। ਨਾਟਕ ਦੀ ਤਿਆਰੀ ਲਈ ਤੇ ਉਨ੍ਹਾਂ ਨੂੰ ਦਰਸ਼ਕਾਂ ਤਕ ਪਹੁੰਚਾਉਣ ਲਈ ਜੋ ਸਾਧਨ ਚਾਹੀਦੇ ਹਨ, ਉਹ ਸਾਧਾਰਨ ਕਲਾਕਾਰਾਂ ਦੇ ਗਰੁੱਪਾਂ ਦੀ ਪਹੁੰਚ ਤੋਂ ਬਹੁਤੀ ਵਾਰ ਬਾਹਰ ਹੁੰਦੇ ਹਨ। ਇਸ ਲਈ ਥੀਏਟਰ ਦੇ ਵਿਕਾਸ ਲਈ ਇਕ ਕਿਸਮ ਦੀ ਸਰਪ੍ਰਸਤੀ ਨੂੰ ਸਵੀਕਾਰ ਕਰਨ ਤੋਂ ਇਨਕਾਰ ਹੋਣਾ ਗ਼ੈਰ ਯਥਾਰਥਕ ਹੋਵੇਗਾ।

ਸਰਕਾਰੀ ਸਰਪ੍ਰਸਤੀ ਦਾ ਤੀਜਾ ਥੀਏਟਰ ਹੈ ਜੋ ਜ਼ਮੀਰ ਫਰੋਸ਼ਾਂ ਦਾ ਥੀਏਟਰ ਹੈ। ਜਿਸ ਤਰ੍ਹਾਂ ਮੈਂ ਉਤੇ ਕਿਹਾ ਹੈ ਕਿ ਸੁਹਿਰਦ ਥੀਏਟਰ ਲਈ ਸਰਕਾਰ ਕੋਲੋਂ ਗਰਾਂਟ ਲੈਣਾ ਤੇ ਗਰਾਂਟ ਲਈ ਗੰਢਤੁਪ ਕਰਨੀ ਦੋ ਵੱਖਰੇ ਅਮਲ ਹਨ। ਸੰਬੰਧਤ ਅਧਿਕਾਰੀਆਂ ਲਈ

ਦਾਰੂ ਪਾਰਟੀਆਂ ਕਰਨੀਆਂ, ਵਜ਼ੀਰਾਂ ਤੇ ਸਰਕਾਰੇ ਦੁਆਰੇ ਮੂੰਹ ਲੱਗਦੇ ਵਿਅਕਤੀਆਂ ਨੂੰ ਰਿਹਰਸਲਾਂ ਤੇ ਬੁਲਾਉਣਾ ਤੇ ਕੁੜੀਆਂ ਕਲਾਕਾਰਾਂ ਨੂੰ ਉਨ੍ਹਾਂ ਨਾਲ ਮਿਲਾਉਣਾ ਤੇ ਸ਼ਾਰਬ ਦੇ ਬਹਾਨੇ ਉਨ੍ਹਾਂ ਨੂੰ ਕਲਾਵੇ ਵਿਚ ਲੈਣਾ, ਇਹ ਸਭ ਗੱਢ-ਤੁਪ ਦੀਆਂ ਕਾਰਵਾਈਆਂ ਹਨ। ਸਰਕਾਰੀ ਸਰਪ੍ਰਸਤੀ ਦਾ ਇਹੀ ਰੂਪ ਥੀਏਟਰ ਦੇ ਵਿਕਾਸ ਲਈ ਸਭ ਤੋਂ ਵੱਡਾ ਖ਼ਤਰਾ ਹੈ।

### 2. ਗ਼ੈਰ-ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ

ਇਸ ਥੀਏਟਰ ਦੀਆਂ ਵੀ ਦੋ ਸਪੱਸ਼ਟ ਧਾਰਾਵਾਂ ਹਨ। ਇਕ ਧਾਰਾ ਤਾਂ ਉਹ ਹੈ ਜਾਂ ਉਸ ਵਿਚ ਉਹ ਲੋਕ ਆਉਂਦੇ ਹਨ ਜੋ ਆਪਣੇ ਥੀਏਟਰ ਦੇ ਸ਼ੌਕ ਨੂੰ ਪੂਰਾ ਕਰਨ ਲਈ ਸ਼ੌਕੀਆਂ ਨਾਟਕ ਗਰੁੱਪ ਬਣਾਉਂਦੇ ਹਨ। ਸਮਾਜ ਸੁਧਾਰ ਦੇ ਵਿਸ਼ੇ ਲੈ ਕੇ ਉਹ ਆਪਣੇ ਤੌਰ 'ਤੇ ਨਾਟਕ ਕਰਦੇ ਹਨ, ਆਪਸ ਵਿਚ ਫੰਡ ਪਾ ਕੇ ਜਾਂ ਦੋਸਤਾਂ ਯਾਰਾਂ ਕੋਲੋਂ ਫੰਡ ਇਕੱਠਾ ਕਰਕੇ ਉਹ ਆਪਣੇ ਖਰਚੇ ਪੂਰੇ ਕਰਦੇ ਹਨ। ਰਾਮ ਲੀਲਾਂ ਕਰਨ ਵਾਲੇ ਗਰੁੱਪ ਵੀ ਇਸੇ ਕੈਟਾਗਰੀ ਵਿਚ ਆਉਂਦੇ ਹਨ। ਬਹੁਤ ਥਾਵਾਂ 'ਤੇ ਇਹ ਗਰੁੱਪ ਚੰਗੇ ਨਿਰਦੇਸ਼ਕਾਂ ਥੱਲੇ ਥੀਏਟਰ ਦੇ ਵਿਕਾਸ ਲਈ ਚੰਗਾ ਕੰਮ ਕਰ ਰਹੇ ਹਨ। ਮੈਂ ਇਹ ਜ਼ਿਕਰ ਕਰਨਾ ਜ਼ਰੂਰੀ ਸਮਝਿਆ ਹੈ ਤਾਂ ਜੋ ਇਹ ਪ੍ਰਭਾਵ ਨਾ ਹੋਵੇ ਕਿ ਥੀਏਟਰ ਦੇ ਵਿਕਾਸ ਲਈ ਸਰਕਾਰੀ ਸਰਪ੍ਰਸਤੀ ਇਕ ਜ਼ਰੂਰੀ ਸ਼ਰਤ ਹੈ।

ਸਰਕਾਰੀ ਸਰਪ੍ਰਸਤੀ ਤੋਂ ਆਜ਼ਾਦ ਥੀਏਟਰ ਦੀ ਜੋ ਦੂਜੀ ਧਾਰਾ ਹੈ ਅਤੇ ਜੋ ਬਾਕੀ ਹਿੰਦੋਸਤਾਨ ਵਿਚ ਵੀ ਅਤੇ ਖ਼ਾਸ ਕਰਕੇ ਪੰਜਾਬ ਵਿਚ ਬੜੀ ਸਰਗਰਮ ਹੈ, ਉਹ ਬਹੁਤਾ ਕਰਕੇ ਸਿਆਸੀ ਜਾਂ ਅਵਾਮੀ ਥੀਏਟਰ ਹੈ ਅਤੇ ਆਮ ਤੌਰ 'ਤੇ ਉਹ ਸਟੇਟ ਵਿਰੋਧੀ ਹੈ। ਇਸ ਥੀਏਟਰ ਨੂੰ ਅਸੀਂ 'ਡਾਇਲੈਕਟੀਕਲ ਥੀਏਟਰ' ਕਹਿੰਦੇ ਹਾਂ। ਇਹਦੇ ਵਿਕਾਸ ਦੇ ਆਪਣੇ ਨਿਯਮ ਹਨ ਅਤੇ ਆਪਣੇ ਹੀ ਰੂਪ ਹਨ। ਇਸਦੇ ਲਕਸ਼ ਹਨ ਕਿ ਆਮ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਹੱਕਾਂ ਬਾਰੇ ਚੇਤੰਨ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ। ਇਹ ਥੀਏਟਰ ਉਡੀਕ ਨਹੀਂ ਕਰ ਸਕਦਾ ਕਿ ਲੋਕ ਉਹਦੇ ਤਕ ਚਲ ਕੇ ਆਉਣ। ਇਸ ਲਈ ਉਹਨੇ ਐਸੇ ਰੂਪ ਅਪਨਾਉਣੇ ਹਨ ਕਿ ਉਹ ਲੋਕਾਂ ਤਕ ਚੱਲ ਕੇ ਜਾ ਸਕੇ। ਇਹਦੇ ਲਈ ਉਹਦੀ ਮੋਬਾਲਿਟੀ ਬਹੁਤ ਆਸਾਨ ਹੋਣੀ ਚਾਹੀਦੀ ਹੈ। ਸਮਾਨ ਥੋੜ੍ਹਾ ਹੋਣਾ ਚਾਹੀਦਾ ਹੈ। ਪਾਤਰ ਥੋੜ੍ਹੇ ਹੋਣੇ ਚਾਹੀਦੇ ਹਨ। ਵਿਸ਼ਿਆਂ ਦੀ ਚੋਣ ਇਸ ਤਰ੍ਹਾਂ ਹੋਣੀ ਚਾਹੀਦੀ ਹੈ ਕਿ ਉਹ ਲੋਕਾਂ ਦੇ ਆਪਣੇ ਮਸਲੇ ਹੋਣ। ਗਲੀਆਂ ਦਾ ਥੀਏਟਰ (ਸਟਰੀਟ ਥੀਏਟਰ) ਇਸ ਵਿਚਾਰਧਾਰਾ ਦੀ ਥੀਏਟਰ ਨੂੰ ਦੇਣ ਹੈ।

### ਨਿਰਣਾਇਕ ਗੱਲ

ਥੀਏਟਰ ਇਕ ਸ਼ਕਤੀਸ਼ਾਲੀ ਮਾਧਿਅਮ ਹੈ ਅਤੇ ਜਦੋਂ ਅਸੀਂ ਸਟੇਟ ਅਤੇ ਥੀਏਟਰ ਦੇ ਆਪਸੀ ਰਿਸ਼ਤੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ

ਕਿ ਥੀਏਟਰ ਦੀਆਂ ਦੋ ਧਾਰਨਾਵਾਂ ਨਾਲ-ਨਾਲ ਚੱਲਣਗੀਆਂ। ਸਰਕਾਰੀ ਸਰਪ੍ਰਸਤੀ ਵਾਲਾ ਸਰਕਾਰ ਪੱਖੀ ਥੀਏਟਰ ਅਤੇ ਸਰਕਾਰ ਵਿਰੋਧੀ ਥੀਏਟਰ। ਇਨ੍ਹਾਂ ਦੇ ਵਿਸ਼ੇ ਤੇ ਇਨ੍ਹਾਂ ਦੇ ਰੂਪ ਵੱਖ-ਵੱਖ ਹੋਣਗੇ। ਸਰਕਾਰੀ ਸਰਪ੍ਰਸਤੀ ਵਾਲਾ ਥੀਏਟਰ ਉਹ ਵਿਸ਼ਾ ਚੁਣੇਗਾ ਕਿ ਲੋਕਾਂ ਨੂੰ ਉਨ੍ਹਾਂ ਦੀਆਂ ਤਕਲੀਫਾਂ ਦਾ ਅਹਿਸਾਸ ਨਾ ਹੋਵੇ। ਸਗੋਂ ਉਨ੍ਹਾਂ ਨੂੰ ਐਸੀ ਗੁੜ੍ਹਤੀ ਦਿੱਤੀ ਜਾਏ ਕਿ ਉਨ੍ਹਾਂ ਨੂੰ ਤਕਲੀਫਾਂ ਭੁੱਲ ਜਾਣ। ਮਾਸ਼ੂਕਾ ਦੀ ਖਾਤਰ ਮੱਝੀਆਂ ਚਾਰਨ ਵਾਲੇ, ਪੱਟ ਚੀਰ ਕੇ ਮਾਸ ਖਵਾਉਣ ਵਾਲੇ, ਮਾਸ਼ੂਕਾਂ ਕੇ ਭਰਾਵਾਂ ਹੱਥੋਂ ਮਰਨ ਵਾਲੇ, ਉਨ੍ਹਾਂ ਦੇ ਨਾਇਕ ਹੋਣਗੇ। ਉਹ ਆਪਣੇ ਵਿਸ਼ਿਆ ਵਿਚ ਪਰੰਪਰਾ ਦੀ ਗੱਲ ਬਹੁਤੀ ਕਰਨਗੇ, ਅੱਜ ਦੀ ਗੱਲ ਥੋੜ੍ਹੀ ਕਰਨਗੇ, ਜਦੋਂ ਕਿ ਵਿਰੋਧੀ ਥੀਏਟਰ ਅੱਜ ਦੇ ਨਾਇਕਾਂ ਦੀ ਗੱਲ ਕਰੇਗਾ, ਸੰਘਰਸ਼ ਦੀ ਗੱਲ ਕਰੇਗਾ। ਸਰਕਾਰੀ ਥੀਏਟਰ ਦਾ ਖਾਸਾ ਚਕਾਚੌਂਧ ਕਰਨ ਵਾਲਾ ਥੀਏਟਰ ਹੋਵੇਗਾ, ਜਦੋਂਕਿ ਅਵਾਮੀ ਥੀਏਟਰ ਸਾਦਗੀ ਅਤੇ ਸਪੱਸ਼ਟਤਾ ਨੂੰ ਪਹਿਲ ਦੇਵੇਗਾ।

ਤੁਸੀਂ ਜਿਸ ਥੀਏਟਰ ਦੀ ਚੋਣ ਕਰਨੀ ਹੈ, ਬੜਾ ਸਪਸ਼ਟ ਹੋ ਕੇ ਇਹ ਚੋਣ ਕਰਨੀ ਚਾਹੀਦੀ ਹੈ। ਉਂਞ ਤਾਂ ਰਾਜਿਆਂ ਮਹਾਰਾਜਿਆਂ ਦੇ ਜ਼ਮਾਨਿਆਂ ਵਿਚ ਵੀ ਸਿਰਜਣਾਤਮਕ ਕਲਾਕਾਰ ਦੋ ਹਿੱਸਿਆਂ ਵਿਚ ਵੰਡੇ ਹੁੰਦੇ ਸਨ। ਇੱਕ 'ਸ਼ਾਹੀ ਕਲਾਕਾਰ' ਤੇ ਇੱਕ 'ਮਲੰਗ ਕਲਾਕਾਰ'। ਫਕੀਰ ਬਾਬੇ ਮਲੰਗ ਕਲਾਕਾਰਾਂ ਵਿਚ ਗਿਣੇ ਜਾਂਦੇ ਸਨ। ਪਰ ਉਹ ਸ਼ਾਹੀ ਕਲਾਕਾਰਾਂ ਤੋਂ ਵੱਧ ਲੋਕਾਂ ਵਿਚ ਮਾਨਤਾ ਰੱਖਦੇ ਸਨ। ਅੱਜ ਦੇ ਹਾਲਾਤ ਵਿਚ ਇਹ ਰਜਵਾੜਸ਼ਾਹੀ ਵਾਲੇ ਸੰਕਲਪ ਕਾਇਮ ਰੱਖਣੇ ਜ਼ਰੂਰੀ ਨਹੀਂ। ਸਰਕਾਰੀ ਸਰਪ੍ਰਸਤੀ ਲੈਣ ਤੋਂ ਇਹ ਮਤਲਬ ਨਹੀਂ ਹੋਣਾ ਚਾਹੀਦਾ ਕਿ ਤੁਸੀਂ ਕਲਾਕਾਰ ਹੋ ਤੇ ਆਪਣੀ ਜ਼ਮੀਰ ਜਾਂ ਕਲਾ ਸਮੇਂ ਦੇ ਰਾਜ ਅੱਗੇ ਵੇਚੀ ਹੋਈ ਹੈ। ਇਸ ਤਰ੍ਹਾਂ ਮੈਂ ਇਹ ਵੀ ਨਹੀਂ ਚਾਹੁੰਦਾ ਕਿ ਅਵਾਮੀ ਕਲਾਕਾਰ ਜਾਂ ਅਵਾਮੀ ਥੀਏਟਰ ਫਕੀਰਾਂ ਵਾਕੁਣ ਮਲੰਗ ਹੋਵੇ। ਅਸੀਂ ਥੀਏਟਰ ਵਰਕਰ ਆਧੁਨਿਕ ਸੋਚ ਸ਼ਕਤੀ ਨੂੰ ਅਪਣਾਉਂਦੇ ਹੋਏ ਥੀਏਟਰ ਕਲਾ ਅਤੇ ਆਪਣੇ ਲੋਕਾਂ ਵੱਲ ਫਰਜ਼ ਨਿਭਾਈਏ ਅਤੇ ਇਸੇ ਲਕਸ਼ ਨਾਲ ਸਟੇਟ ਅਤੇ ਥੀਏਟਰ ਦੇ ਰਿਸ਼ਤੇ ਨੂੰ ਸਮਝਦੇ ਹੋਏ ਆਪਣੀ ਚੋਣ ਕਰੀਏ।